# ਧੂੰਆਂ ਰਹਿਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਹਸਪਤਾਲਾਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਜਨਤੱਕ, ਨਿਜੀ, ਅਤੇ ਮਾਨਸਿਕ ਹਸਪਤਾਲ

ਧੂੰਆਂ-ਮੁਕਤ ਓਨਟੈਰੀਓ ਕਨੂੰਨ ਦੇ ਭਾਗ 9(1) ਅਨੁਸਾਰ ਕਿਸੇ ਬੰਦ ਜਨਤੱਕ ਜਗਾਹ ਜਾਂ ਬੰਦ ਕੰਮ ਦੀ ਜਗਾਹ ਵਿੱਚ ਸਿਗਰੇਟ ਪੀਣ ਦੀ ਪਾਬੰਧੀ ਹੈ। ਇੱਕ ਹਸਪਤਾਲ ਨੂੰ ਇਸ ਕਨੂੰਨ ਅਧੀਨ ਇਕ ਬੰਦ ਕੰਮ ਦੀ ਜਗਾਹ ਅਤੇ ਬੰਦ ਜਨਤੱਕ ਜਗਾਹ ਦੋਵੇਂ ਮੰਨਿਆ ਜਾਂਦਾ ਹੈ।

ਜਨਤੱਕ ਹਸਪਤਾਲ ਕਨੂੰਨ ਜਾਂ ਨਿਜੀ ਹਸਪਤਾਲ ਕਨੂੰਨ ਵਿੱਚ ਪ੍ਰਭਾਸ਼ਤ ਹਸਪਤਾਲ, ਜਾਂ ਮਾਨਸਿਕ ਸੇਹਤ ਕਨੂੰਨ ਵਿੱਚ ਪ੍ਰਭਾਸ਼ਤ ਮਾਨਸਿਕ ਹਸਪਤਾਲ ਦੇ ਕਿਸੇ ਵੀ ਪ੍ਰਵੇਸ਼ ਜਾਂ ਨਿਕਾਸ ਦਵਾਰ ਦੀ ਨੌਂ (9) ਮੀਟਰ ਪਰੀਧੀ ਵਿੱਚ ਸਿਗਰੇਟ ਪੀਣ ਦੀ ਪਾਬੰਧੀ ਹੈ।

ਅੱਗੇ, ਇਹਨਾਂ ਵਿਭਾਗਾਂ ਵਿੱਚ ਤੰਬਾਕੂ ਦੀ ਵੇਚ 'ਤੇ ਪਾਬੰਧੀ ਹੈ।

ਕੋਈ ਹਸਪਤਾਲ ਜੇ ਚਾਹੇ ਤਾਂ ਸਿਗਰੇਟ ਪੀਣ ਵਾਲੇ ਮਰੀਜਾਂ ਜਾਂ ਕਰਮਚਾਰੀਆਂ ਨੂੰ ਸਮਾਯੋਜਿਤ ਕਰਣ ਵਾਸਤੇ ਬਾਹਰਵਾਰ ਇੱਕ ਸਿਗਰੇਟ ਪੀਣ ਲਈ ਸ਼ੈਲਟਰ ਉਪਲਬਧ ਕਰਵਾ ਸਕਦਾ ਹੈ। ਹਸਪਤਾਲ ਨੂੰ ਇਹ ਯਕੀਨੀ ਬਨਵਾਉਣਾ ਚਾਹੀਦਾ ਹੈ ਕਿ ਬਾਹਰਵਾਰ ਸਿਗਰੇਟ ਪੀਣ ਦੇ ਸ਼ੈਲਟਰ ਦਾ ਢਾਂਚਾ *ਦੋ ਕੰਧਾਂ ਅਤੇ ਛੱਤ ਤੋਂ ਜਿਆਦਾ ਨਾ* ਬਨਿਆ ਹੋਵੇ।

### ਮਾਲਕਾਂ ਦੇ ਰੂਪ ਵਿੱਚ ਹਸਪਤਾਲਾਂ ਦੀਆਂ ਜਿੰਮੇਵਾਰੀਆਂ

ਹਰ ਮਾਲਕ ਨੂੰ ਚਾਹੀਦਾ ਹੈ:

- ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਕਰਮਚਾਰੀਆਂ, ਮਰੀਜਾਂ ਅਤੇ ਆਉਣ ਜਾਣ ਵਾਲਿਆਂ ਨੂੰ ਪਤਾ ਹੋਵੇ ਕਿ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦਿਓ।
- ਇਸ ਗੱਲ ਨੂੰ ਯਕੀਨੀ ਬਨਾਓ ਕਿ ਕੰਮ ਦੀ ਜਗਾਹ 'ਤੇ ਕੋਈ ਸਿਗਰੇਟ ਨਾ ਪੀਵੇ।
- ਇਸ ਗੱਲ ਨੂੰ ਯਕੀਨੀ ਬਨਾਓ ਕਿ ਜੋ ਵਿਅਕਤੀ ਇਸ ਦੀ ਪਾਲਣਾ ਨਹੀਂ ਕਰਦਾ ਉਹ ਬੰਦ ਕੰਮ ਦੀ ਜਗਾਹ 'ਤੇ ਨਾ ਰਹੇ।
- ਇਸ ਗੱਲ ਨੂੰ ਯਕੀਨੀ ਬਨਾਉਣ ਲਈ ਕਿ ਸਭ ਨੂੰ ਪਤਾ ਹੋਵੇ ਕਿ ਸਿਗਰੇਟ ਪੀਣਾ ਮਨਾ ਹੈ, *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ। ਨਿਸ਼ਾਨ ਲੈਣ ਲਈ ਜਾਣਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਮੂਲ ਨਿਵਾਸੀਆਂ ਲਈ ਪਰੰਪਰਾਗਤ ਸਾਂਸਕਰਿਤਿਕ ਅਤੇ ਆਤਮਿਕ ਉਦੇਸ਼ਾਂ ਲਈ ਤੰਬਾਕੂ ਦੀ ਵਰਤੋਂ

ਇੱਕ ਮੂਲ ਨਿਵਾਸੀ ਵੱਲੋਂ ਬਿਨਤੀ ਕਰਨ 'ਤੇ ਸੰਚਾਲਕ ਵਸਨੀਕ ਲਈ ਅੰਦਰਵਾਰ ਇੱਕ ਜਗਾਹ ਨਿਰਧਾਰਤ ਕਰੇ ਜਿੱਥੇ ਪਰੰਪਰਾਗਤ ਸਾਂਸਕਰਿਤਿਕ ਅਤੇ ਆਤਮਿਕ ਉਦੇਸ਼ਾਂ ਲਈ ਤੰਬਾਕੂ ਦੀ ਵਰਤੋਂ ਕੀਤੀ ਜਾ ਸਕੇ।

## ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਹਸਪਤਾਲਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006